# ਸ਼ਹੀਦ ਭਗਤ ਸਿੰਘ ਦਾ ਅਪਮਾਨ ਕਰਨ 'ਤੇ ਨੈਤਿਕਤਾ ਅਧਾਰ ਤੇ ਅਸਤੀਫਾ ਦੇਵੇ ਸਮ੍ਰਿਤੀ ਇਰਾਨੀ: ਗੁਰਪ੍ਰੀਤ ਘੁੱਗੀ



ਚੰਡੀਗੜ/ / 01 ਮਈ 2016/ ਬਿਓਰੋ

ਦਿੱਲੀ ਯੂਨੀਵਰਸਿਟੀ ਦੀ ਇਤਿਹਾਸ ਦੇ ਵਿਸ਼ੇ ਦੀ ਇਕ ਕਿਤਾਬ, ਜਿਸ ਦੇ 20ਵੇਂ ਅਧਿਆਇ ਵਿਚ ਭਗਤ ਸਿੰਘ ਨੂੰ 'ਅੱਤਵਾਦੀ' ਲਿਖਿਆ ਗਿਆ ਹੈ। ਜਿਸ 'ਤੇ ਪੈਦਾ ਹੋਏ ਵਿਵਾਦ ਤੋਂ ਬਾਅਦ ਪ੍ਰਸ਼ਾਸਨ ਨੇ ਇਸ ਕਿਤਾਬ ਦੇ ਹਿੰਦੀ ਅਨੁਵਾਦ ਦੀ ਵਿਕਰੀ ਅਤੇ ਸਪਲਾਈ ਨੂੰ ਰੋਕ ਦਿੱਤਾ ਹੈ। ਪਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਅੱਤਵਾਦੀ ਲਿਖਣ ਵਾਲਿਆਂ ਦੇ ਖਿਲਾਫ ਕੋਈ ਕਾਰਵਾਈ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਦੇ ਨੇਤਾ ਗੁਰਪ੍ਰੀਤ ਸਿੰਘ ਘੁੱਗੀ ਨੇ ਕਿਹਾ ਕਿ ਕੇਂਦਰੀ ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਨੂੰ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਪੰਜਾਬ ਅਤੇ ਕੇਂਦਰ ਸਰਕਾਰਾਂ ਤੇ ਵਰਦਿਆਂ ਘੁੱਗੀ ਨੇ ਕਿਹਾ ਕਿ ਦੇਸ਼ ਲਈ ਜਾਨ ਕੁਰਬਾਨ ਕਰ ਦੇਣ ਵਾਲਿਆਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਜਾਦਾ ਸਗੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦ ਹੋਣ ਵਾਲਿਆਂ ਦੇ ਨੂੰ ਅੱਤਵਾਦੀ ਲਿਖ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾਦਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਹੋ ਗਏ ਹਨ।

ਘੁੱਗੀ ਨੇ ਕਿਹਾ, ਹੈਰਾਨੀ ਦੀ ਗੱਲ ਹੈ ਕਿ 68 ਸਾਲ ਬੀਤ ਜਾਣ ਤੋਂ ਬਾਅਦ ਵੀ ਦੇਸ਼ ਦੇ ਸ਼ਹੀਦੀ ਦੇਣ ਵਾਲਿਆਂ ਦੇ ਨਾਮ ਸ਼ਹੀਦਾਂ ਦੀ ਸੂਚੀ ਵਿਚ ਦਰਜ ਨਹੀਂ ਕੀਤੇ ਗਏ, ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਵਲੋਂ ਸ਼ਹੀਦਾਂ ਦੀ ਸਾਰ ਨਾ ਲੈਣਾ ਇੱਕ ਘਿਣੌਣਾ ਕਾਰਜ ਹੈ। ਉਨ੍ਹਾ ਕਿਹਾ ਕਿ ਜੇਕਰ ਸ਼ਹੀਦ-ਏ-ਆਜ਼ਮ ਇੱਕ ਅੱਤਵਾਦੀ ਸਨ ਤਾਂ ਕੇਂਦਰ ਸਰਕਾਰ ਨੇ ਉਨਾਂ ਦਾ ਬੁੱਤ ਭਾਰਤ ਦੀ ਸੰਸਦ ਵਿਚ ਕਿਉਂ ਲਗਾਇਆ ਹੋਇਆ ਹੈ ? ਉਨ੍ਹਾ ਕਿਹਾ ਕਿ ਦਿੱਲੀ ਯੂਨਿਵਰਸਿਟੀ ਦੀਆਂ ਜਿੰਨਾਂ ਕਿਤਾਬਾਂ ਵਿਚ ਭਗਤ ਸਿੰਘ ਨੂੰ ਅੱਤਵਾਦੀ ਕਿਹਾ ਗਿਆ ਹੈ ਉਨਾਂ ਨੂੰ ਬਿਨਾ ਕਿਸੇ ਦੇਰੀ ਦੇ ਹਟਾ ਕੇ ਇਸ ਕੰਮ ਲਈ ਜਿਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

## ਏਕਨੂਰ ਖਾਲਸਾ ਫੌਜ ਦੇ ਮੁਖੀ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦਾ ਪੂਰਨ ਭੋਗ ਪਾਉਣ ਦਾ ਸੱਦਾ

ਕੋਟ ਈਸੇ ਖਾਂ / ਐਮ.ਐਸ.ਨਿਓਜ਼.ਬਿਓਰੋ.

ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੁਕਮਨਾਮਿਆਂ, ਸਿੱਖ ਰਹਿਤ ਮਰਿਯਾਦਾ ਨਾਲ ਸਬੰਧਿਤ ਮਸਲੇ, ਸਿੱਖ ਪੰਥ ਦੀ ਮੌਜੂਦਾ ਹਾਲਤ ਤੇ ਪਿਛਲੇ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਵਰਗੇ ਅਹਿਮ ਮਸਲਿਆਂ ਨੂੰ ਲੈ ਕੇ ਏਕਨੂਰ ਖਾਲਸਾ ਫੌਜ ਜ਼ਿਲ੍ਹਾ ਮੋਗਾ ਵੱਲੋਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪ੍ਰਧਾਨ ਹਰਜਿੰਦਰ ਸਿੰਘ ਬਾਜੇਕੇ ਦੀ ਅਗਵਾਈ ਵਿਚ ਗੁਰਦੁਆਰਾ ਕਲਗੀਧਰ ਸਾਹਿਬ ਮਸੀਤਾਂ ਰੋਡ ਕੋਟ ਈਸੇ ਖਾਂ ਜ਼ਿਲ੍ਹਾ ਮੋਗਾ ਵਿਖੇ ਅਹਿਮ ਮੀਟਿੰਗ ਰੱਖੀ ਗਈ। ਇਸ ਮੀਟਿੰਗ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਜੀ ਦੇ ਸਾਬਕਾ ਜਥੇਦਾਰ ਅਤੇ ਏਕਨੂਰ ਖਾਲਸਾ ਫੌਜ ਦੇ ਸਰਪ੍ਰਸਤ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਵਿਸ਼ੇਸ਼ ਸ਼ਿਰਕਤ ਕੀਤੀ ਅਤੇ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਬਾਜੇਕੇ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਦੇ ਆਗੂਆਂ ਨੇ ਹਮੇਸ਼ਾਂ ਆਪਣੇ ਨਿੱਜੀ ਮੁਫਾਦਾਂ ਲਈ ਇਕ ਪਲੈਨਿੰਗ ਦੇ ਤਹਿਤ ਸਿੱਖਾਂ ਨੂੰ ਧਾਰਮਿਕ ਮਸਲਿਆਂ ਵਿਚ ਉਲਝਾ ਕੇ ਗੰਦੀ ਰਾਜਨੀਤੀ ਕੀਤੀ। ਜਿਸ ਕਾਰਨ ਪਿਛਲੇ ਸਮਿਆਂ ਦੌਰਾਨ ਜਿੱਥੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਉੱਥੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਣ ਮਰਿਆਦਾ ਦਾ ਵੀ ਘਾਣ ਹੀ ਹੋਇਆ ਹੈ।

ਇਸ ਲਈ ਸਾਰੇ ਪੰਥ ਦਰਦੀਆਂ ਨੂੰ ਸੁਚੇਤ ਰਹਿੰਦਿਆਂ ਇਕੱਠੇ ਹੋ ਕੇ ਚੱਲਣ ਦੀ ਲੋੜ ਹੈ ਤਾਂ ਜੋ ਸਾਡੇ ਸਿੱਖ ਨੌਜਵਾਨਾਂ ਦੀ ਜੁਆਨੀ ਅਤੇ ਆਪਣੇ ਵਿਰਸੇ ਦੀ ਸੰਭਾਲ ਕੀਤੀ ਜਾ ਸਕੇ। ਜਥੇਦਾਰ ਨੰਦਗੜ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਚ' ਅਕਾਲੀਦਲ ਬਾਦਲ ਦਾ ਪੂਰ ਤੋਰ ਤੇ ਭੋਗ ਪਾ ਦਿਓ।

## 4 ਲੱਖ ਰੁਪਏ 'ਤੇ ਵੇਚਿਆ ਹੈਲੀਕਾਪਟਰ

ਪਠਾਨਕੋਟ/ 20 ਮਾਰਚ/ ਬਿਓਰੋ:

ਏਅਰਫੋਰਸ ਸਟੇਸ਼ਨ ਤੇ ਅੱਤਵਾਦੀ ਹਮਲੇ ਦੇ ਬਾਅਦ ਇੱਕ ਕਵਾੜ ਦੀ ਦੁਕਾਨ 'ਤੇ ਵੇਚਨ ਦੇ ਲਈ ਰੱਖਿਆਂ ਇਹ ਹੈਲੀਕਾਪਟਰ ਇਨ੍ਹੀ ਦਿਨੀ ਚਰਚਾ ਦਾ ਵਿਸ਼ਾਂ ਬਣਿਆਂ ਹੋਇਆਂ ਹੈ। ਕਬਾੜੀਏ ਨੇ ਇਸ ਦੀ ਕੀਮਤ 3 ਤੋਂ 4 ਲੱਖ ਤਹਿ ਕੀਤੀ ਹੋਈ ਹੈ। ਜਿਕਰਯੋਗ ਹੈ ਕਿ ਕਬਾੜੀਏ ਨੇ ਚੰਡੀਗੜ 'ਚ ਹੋਈ ਬੋਲੀ ਵਿਚੋਂ ਦੋ ਹੈਲੀਕਾਪਟਰ ਕਵਾੜ ਦੇ ਭਾਅ ਵਿੱਚ ਖਰੀਦੇ ਸਨ।

ਇਹ ਇੱਕ ਹੈਲੀਕਾਪਟਰ ਸਿਰਫ ਮਾਡਲ ਤਿਆਰ ਕੀਤਾ ਹੈ ਇਸ ਹੈਲੀਕਾਪਟਰ ਮਾਡਲ ਵਿੱਚ 95% ਅਲਮੀਨੀਅਮ ਅਤੇ 05% ਫਾਈਬਰ ਹੈ। ਇਹ ਹੈਲੀਕਾਪਟਰ ਪ੍ਰਤਾਪ ਵਰਲਡ ਸਕੂਲ ਨੇ ਖਰੀਦਿਆਂ ਹੈ ਇਸ ਵਿੱਚ ਸੀਟਾ ਦਾ ਅਤੇ ਰੰਗ ਰੋਗਣ ਦਾ ਪ੍ਰਬੰਧ ਕਰਕੇ ਇਹ ਚਿੱਤਰਕਾਰੀ ਮਾਡਲ ਸਕੂਲ ਦੇ ਬੱਚੇ ਨੂੰ ਦਿਖਾਉਣ ਲਈ ਬਣਾਇਆ ਹੈ।

ਉਨ੍ਹਾ ਵਿਚੋਂ ਦੂਜੇ ਹੈਲੀਕਾਪਟਰ ਨੂੰ ਖਰੀਦਣ ਲਈ ਵਪਾਰੀਆਂ ਦੀ ਆਪਸ ਵਿੱਚ ਇੱਕ ਦੌੜ ਲੱਗੀ ਹੋਈ ਹੈ। ਰੇਟ ਤਹਿ ਨਾ ਹੋਣ ਕਾਰਨ ਦੂਜਾ ਹੈਲੀਕਾਪਟਰ ਕਬਾੜੀਏ ਦੀ ਦੁਕਾਨ ਤੇ ਹੀ ਪਿਆ ਹੈ। ਹੋਰ ਜ਼ਿਲਿਆ ਅਤੇ ਹੋਰ ਰਾਜਾ ਤੋਂ ਇਸ ਹੈਲੀਕਾਪਟਰ ਖਰੀਦਣ ਦੇ ਚਾਹਵਾਨ ਆ ਰਹੇ ਹਨ।

## ਲੰਬੀ 'ਚ ਇਸ ਵਾਰ ਤਾਇਆ-ਭਤੀਜਾ ਹੋ ਸਕਦੇ ਹਨ ਆਹਮੋ-ਸਾਹਮਣੇ!

ਚੰਡੀਗੜ੍ਹ/ 8 ਅਪ੍ਰੈਲ/ ਬਿਓਰੋ

ਬੀਤੇ ਦਿਨੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਤਾਇਆ ਜੀ ਸ. ਪਰਕਾਸ਼ ਸਿੰਘ ਬਾਦਲ ਵਿਰੁਧ ਚੋਣ ਲੜਨ ਦੀ ਇੱਛਾ ਪ੍ਰਗਟਾਉਂਦੇ ਹੋਏ ਕਿਹਾ ਸੀ ਕਿ ਜੇ ਹਾਈ ਕਮਾਨ ਇਜਾਜ਼ਤ ਦੇਵੇ ਤਾਂ ਉਹ ਮੁੱਖ ਮੰਤਰੀ ਵਿਰੁਧ ਚੋਣ ਲੜਨ ਲਈ ਤਿਆਰ ਹੈ। ਇਸ ਗੱਲ ਤੇ ਸਹਿਮਤ ਕਾਂਗਰਸ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਮੁੱਖ ਮੰਤਰੀ ਖਿਲਾਫ ਚੋਣ ਲੜਨ ਲਈ ਲਗਭਗ ਹਰੀ ਝੰਡੀ ਦੇ ਦਿਤੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮਨਪ੍ਰੀਤ ਬਾਦਲ ਦੀ ਇੱਛਾ ਦਾ ਧਿਆਨ ਰਖਦਿਆਂ ਕਿਹਾ ਕਿ ਉਹ ਸਿਰਫ਼ ਮਨਪ੍ਰੀਤ ਬਾਦਲ ਦੀ ਇੱਛਾ ਹੀ ਪੂਰੀ ਨਹੀਂ ਕਰਨਗੇ ਸਗੋਂ ਉਨ੍ਹਾ ਦੀ ਜਿੱਤ ਯਕੀਨੀ ਬਣਾਉਣ ਲਈ ਪੂਰਾ ਜ਼ੋਰ ਲਗਾਉਣਗੇ। ਜੇ ਕਾਂਗਰਸ ਵੱਲੋਂ ਮਨਪ੍ਰੀਤ ਬਾਦਲ ਨੂੰ ਲੰਬੀ ਤੋਂ ਉਮੀਦਵਾਰ ਐਲਾਨਿਆਂ ਜਾਦਾ ਹੈ ਤਾਂ ਤਾਏ-ਭਤੀਜੇ ਦਾ ਆਹਮੋ-ਸਾਹਮਣੇ ਮੁਕਾਬਲਾ ਸਿਆਸਤ ਵਿੱਚ ਵੱਖਰੀ ਹੀ ਦਿਲਚਸਪੀ ਪੈਦਾ ਕਰੇਗਾ ਅਤੇ ਇਹ ਸਿਆਸੀ ਜੰਗ ਸਿਖਰ 'ਤੇ ਹੋਵੇਗੀ।


ਅੰਤਰ-ਰਾਸ਼ਟਰੀ ਪੰਜਾਬੀ ਮਾਸਿਕ "ਮਹਿਕ ਵਤਨ ਦੀ ਲਾਈਵ" ਵਾਸਤੇ ਹਰ ਏਰੀਏ ਤੋਂ




ਪੱਤਰਕਾਰਾਂ ਦੀ ਜਰੂਰਤ

ਨੋਟ: 'ਮਹਿਕ ਵਤਨ ਦੀ' ਟਰੱਸਟ ਦੇ ਮੈਂਬਰ ਬਣ ਕੇ ਜ਼ਿਲ੍ਹਾ ਇੰਚਾਰਜ ਵੀ ਬਣ ਸਕਦੇ ਹੋ।

ਪੱਤਰਕਾਰ ਬਣਨ ਦੇ ਚਾਹਵਾਨ ਲੜਕੇ-ਲੜਕੀਆਂ ਜਲਦੀ ਸੰਪਰਕ ਕਰਨ।

ਪੂਰੀ ਡਿਟੇਲ ਮੰਗਵਾਉਣ ਲਈ 'ਮਹਿਕ ਵਤਨ ਦੀ' ਦੇ ਨਾਮ ਤੇ 500/- ਰੁਪਏ ਦਾ ਮਨੀਆਰਡਰ/ ਚੈਕ/ ਡ੍ਰਾਫਟ ਭੇਜੋ। ਜੋ ਮੋਗਾ (ਪੰਜਾਬ) ਵਿੱਚ ਭੁਗਤਾਨ ਯੋਗ ਹੋਵੇ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' 1195, ਅਜੀਤ ਨਗਰ ਮੋਗਾ (ਪੰਜਾਬ)

**Help Line: 0 9988 92 9988**

**E-Mail: mehakwattandi@rediffmail.com**